# ਬੀ.ਐਨ. ਓਵਰਸੀਜ਼ ਕੈਨੇਡਾ ਸਟੱਡੀ ਅਬਰੌਡ (ਗਲੋਬਲ ਸਿੱਖਿਆ ਮੇਲਾ) ਅੱਜ ਤੋਂ

**29 ਨੂੰ ਲੁਧਿਆਣਾ, 30 ਨੂੰ ਨਵਾਂਸ਼ਹਿਰ ਤੇ 31 ਨੂੰ ਜਲੰਧਰ 'ਚ ਹੋਵੇਗਾ ਸਿੱਖਿਆ ਮੇਲਾ**

ਜਲੰਧਰ, 28 ਅਕਤੂਬਰ (ਅਜੀਤ ਬਿਊਰੋ)-ਬੀ. ਐਨ. ਓਵਰਸੀਜ਼ ਵਲੋਂ ਕੈਨੇਡਾ, ਆਸਟ੍ਰੇਲਿਆ, ਅਮਰੀਕਾ, ਇੰਗਲੈਂਡ, ਸਵਿਟਜ਼ਰਲੈਂਡ ਦੀਆਂ ਪ੍ਰਮੁੱਖ ਯੂਨਿਵਰਸਿਟੀਆਂ ਤੇ ਕਾਲਜਾਂ 'ਚ ਮੌਕੇ 'ਤੇ ਦਾਖਲਾ ਲੈਣ ਲਈ ਜਲੰਧਰ, ਲੁਧਿਆਣਾ ਤੇ ਨਵਾਂਸ਼ਹਿਰ 'ਚ ਸਟੱਡੀ ਵੀਜ਼ਾ ਸੈਮੀਨਾਰ ਕਰਵਾਏ ਜਾ ਰਹੇ ਹਨ। ਇਹ ਸੈਮੀਨਾਰ 29 ਅਕਤੂਬਰ ਨੂੰ ਐਸ.ਸੀ.ਓ. 34, ਜ਼ਾਇਕਾ ਰੈਸਟੋਰੈਂਟ ਦੇ ਉਪਰ, ਭਾਈਵਾਲਾ ਚੌਂਕ, ਫਿਰੋਜ਼ ਗਾਂਧੀ ਮਾਰਕੀਟ 'ਚ ਲੁਧਿਆਣਾ ਵਿਖੇ। 30 ਅਕਤੂਬਰ ਨੂੰ ਰਾਜ ਟਾਵਰ, ਸਾਹਮਣੇ ਸ਼ੂਗਰ ਮਿਲ, ਬੰਗਾ ਰੋਡ ਨਵਾਂਸ਼ਹਿਰ ਵਿਖੇ ਤੇ 31 ਅਕਤੂਬਰ ਨੂੰ ਜਲੰਧਰ ਸਤਿ ਸਾਹਿਬ ਸੈਂਟਰ, ਸਾਹਮਣੇ ਗੇਟ ਨੰਬਰ-2, ਨਰਿੰਦਰ ਸਿਨੇਮਾ ਦੇ ਕੋਲ ਸਵੇਰੇ 11 ਵਜੇ ਤੋਂ 5 ਵਜੇ ਤਕ ਹੋਣਗੇ। ਵਿਦਿਆਰਥੀ ਮੌਕੇ 'ਤੇ ਹੀ ਆਫ਼ਰ ਲੈਟਰ ਲੈ ਸਕਦੇ ਹਨ ਤੇ ਉਸੇ ਸਮੇਂ ਦਾਖਲਾ ਵੀ ਲੈ ਸਕਦੇ ਹੋ। ਰਿਫਊਜ਼ ਹੋਏ ਵਿਦਿਆਰਥੀ ਵੀ ਇਕ ਵਾਰ ਸਲਾਹ ਲੈ ਸਕਦੇ ਹਨ।



ਕਮਲ ਕੁਮਾਰ ਭੁੰਬਲਾ

# ਪਾਬੰਦੀ ਦੇ ਬਾਵਜੂਦ, ਵਿਦਿਆਰਥੀਆਂ ਨੂੰ ਪੰਜ ਬੀ.ਐਸਸੀ. ਕੋਰਸਾਂ 'ਚ ਦਾਖ਼ਲਾ ਦਿੱਤੇ ਜਾਣ 'ਤੇ ਪੀ.ਟੀ.ਯੂ. ਨੂੰ ਨੋਟਿਸ ਜਾਰੀ

**ਹਾਈ ਕੋਰਟ ਨੇ ਯੂਨੀਵਰਸਿਟੀ ਦੇ ਉਪ ਕੁਲਪਤੀ ਤੋਂ ਮੰਗਿਆ ਜਵਾਬ**

ਚੰਡੀਗੜ੍ਹ, 28 ਅਕਤੂਬਰ (ਸੰਦੀਪ ਕੁਮਾਰ ਮਾਹਨਾ)-ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਲੋਂ ਨੈਸ਼ਨਲ ਕਮਿਸ਼ਨ ਫ਼ਾਰ ਅਲਾਈਡ ਐਂਡ ਹੈਲਥਕੇਅਰ ਪ੍ਰੋਫੈਸ਼ਨਲਜ਼ ਵਲੋਂ ਪਾਬੰਦੀ ਦੇ ਬਾਵਜੂਦ ਵਿਦਿਆਰਥੀਆਂ ਨੂੰ ਪੰਜ ਬੀ.ਐਸ.ਸੀ. ਕੋਰਸਾਂ ਵਿਚ ਦਾਖਲਾ ਦੇਣ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਹੁੰਚ ਗਿਆ ਹੈ। ਹਾਈ ਕੋਰਟ ਨੇ ਜਨਹਿੱਤ ਪਟੀਸ਼ਨ 'ਤੇ ਪੰਜਾਬ ਸਰਕਾਰ ਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਜਵਾਬ ਮੰਗਿਆ ਹੈ। ਅਮਰਦੀਪ ਗੁਜਰਾਲ ਨੇ ਪਟੀਸ਼ਨ ਦਾਇਰ ਕਰਦਿਆਂ ਕਿਹਾ ਕਿ ਨੈਸ਼ਨਲ ਕਮਿਸ਼ਨ ਫ਼ਾਰ ਅਲਾਈਡ ਐਂਡ ਹੈਲਥਕੇਅਰ ਪ੍ਰੋਫੈਸ਼ਨਲਜ਼ ਨੇ ਪਿਛਲੇ ਸਾਲ ਇੱਕ ਹੁਕਮ ਜਾਰੀ ਕੀਤਾ ਸੀ ਜਿਸ 'ਚ ਇਨ੍ਹਾਂ ਕੋਰਸਾਂ ਲਈ ਦਿਸ਼ਾ-ਨਿਰਦੇਸ਼ ਜਾਰੀ ਹੋਣ ਤੱਕ ਨਵੇਂ ਦਾਖਲਿਆਂ 'ਤੇ ਪਾਬੰਦੀ ਲਗਾਈ ਗਈ ਸੀ। ਇਸ ਦੇ ਬਾਵਜੂਦ, ਯੂਨੀਵਰਸਿਟੀ ਨੇ ਇਨ੍ਹਾਂ ਪੰਜ ਕੋਰਸਾਂ ਵਿਚ 30-30 ਸੀਟਾਂ ਦਾਖਲ ਕੀਤੀਆਂ। ਪਟੀਸ਼ਨਰ ਨੇ ਕਿਹਾ ਕਿ ਯੂਨੀਵਰਸਿਟੀ ਨੇ ਰਾਸ਼ਟਰੀ ਕਮਿਸ਼ਨ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ ਤੇ ਦੂਜੇ ਪਾਸੇ, ਵਿਦਿਆਰਥੀਆਂ ਦੇ ਭਵਿੱਖ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਪਟੀਸ਼ਨਰ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਦਾ ਜਵਾਬ ਮੰਗਿਆ ਹੈ। ਉਪ ਕੁਲਪਤੀ ਨੂੰ ਇਹ ਵੀ ਦੱਸਣ ਲਈ ਕਿਹਾ ਗਿਆ ਸੀ ਕਿ ਪਾਬੰਦੀ ਲਾਗੂ ਹੋਣ 'ਤੇ ਦਾਖਲੇ ਕਿਸ ਕਾਰਨ ਤੇ ਹਾਲਾਤਾਂ ਵਿਚ ਦਿੱਤੇ ਗਏ ਸਨ।

## ਗੈਰ-ਕਾਨੂੰਨੀ ਸਰਗਰਮੀਆਂ...

(ਸਫਾ 3 ਦੀ ਬਾਕੀ)

ਨਾਲ ਸਬੰਧਿਤ ਦਸਤਾਵੇਜ਼ ਵੀ ਬਰਾਮਦ ਹੋਏ ਸਨ, ਜਿਸ ਤੋਂ ਬਾਅਦ ਪੁਲਿਸ ਨੇ ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਇਹ ਮਾਮਲਾ ਦਰਜ ਕੀਤਾ ਗਿਆ ਸੀ, ਪਰ ਅੱਜ ਅਹਿਮ ਗਵਾਹਾਂ ਅਤੇ ਸਬੂਤਾਂ ਦੀ ਘਾਟ ਦੇ ਮੱਦੇਨਜ਼ਰ ਅਦਾਲਤ ਨੇ ਭਾਈ ਤਾਰਾ ਨੂੰ ਬਰੀ ਕੀਤੇ ਜਾਣ ਦਾ ਹੁਕਮ ਦਿੱਤਾ ਹੈ। ਇਸ ਕੇਸ 'ਚ ਦੋ ਹੋਰ ਨਾਮਜ਼ਦ ਪਰਮਜੀਤ ਸਿੰਘ ਪੰਮਾ ਅਤੇ ਵਧਾਵਾ ਸਿੰਘ ਬੱਬਰ ਨੂੰ ਅਦਾਲਤ ਨੇ ਪਹਿਲਾਂ ਹੀ ਭਗੌੜਾ ਕਰਾਰ ਦਿੱਤਾ ਹੋਇਆ ਹੈ।

# ਹੜ੍ਹ ਪੀੜਤਾਂ ਲਈ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਨਹੀਂ ਕੋਈ ਫੰਡ

**ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ**

ਚੰਡੀਗੜ੍ਹ, 28 ਅਕਤੂਬਰ (ਸੰਦੀਪ ਕੁਮਾਰ ਮਾਹਨਾ)-ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ 'ਚ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ ਦੇ ਉਪਬੰਧਾਂ ਦੇ ਬਾਵਜੂਦ ਪੰਜਾਬ ਦੇ ਵਸਨੀਕਾਂ ਨੂੰ ਲਾਭਾਂ ਦੀ ਘਾਟ ਦਾ ਮੁੱਦਾ ਉਠਾਇਆ ਗਿਆ ਹੈ। ਹਾਈ ਕੋਰਟ ਨੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਨੂੰ ਆਪਣੇ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ। ਮੁਹਾਲੀ ਨਿਵਾਸੀ ਐਡਵੋਕੇਟ ਕੰਵਰ ਪਾਹੁਲ ਸਿੰਘ ਨੇ ਪਟੀਸ਼ਨ ਦਾਇਰ ਕਰਦੇ ਹੋਏ ਕਿਹਾ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ ਹੜ੍ਹ ਪੀੜਤਾਂ ਨੂੰ ਮੁਫ਼ਤ ਸਹਾਇਤਾ ਮੁਹੱਈਆ ਕਰਦਾ ਹੈ। ਪਟੀਸ਼ਨਕਰਤਾ ਨੇ ਦੱਸਿਆ ਕਿ ਇਹ ਐਕਟ ਮੁਆਵਜ਼ਾ ਤੇ ਮੁਫ਼ਤ ਕਾਨੂੰਨੀ ਸਹਾਇਤਾ ਸਮੇਤ ਕਈ ਕਾਰਜਾਂ ਨੂੰ ਕਵਰ ਕਰਦਾ ਹੈ। ਇਸ ਮਕਸਦ ਲਈ ਸਰਕਾਰ ਤੋਂ ਫੰਡ ਹਾਸਲ ਹੁੰਦੇ ਹਨ ਅਤੇ ਇਸ ਲਈ ਇਨ੍ਹਾਂ ਸੇਵਾਵਾਂ ਦਾ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਜਾਗਰੂਕਤਾ ਪੈਦਾ ਕਰਨ ਲਈ ਪਿੰਡ ਪੱਧਰ 'ਤੇ ਕਾਨੂੰਨੀ ਸਹਾਇਤਾ ਕਲੀਨਿਕ ਖੋਲ੍ਹੇ ਜਾਣੇ ਚਾਹੀਦੇ ਹਨ, ਪਰ ਅਜਿਹਾ ਨਹੀਂ ਹੋ ਰਿਹਾ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਉਸਨੇ ਇੱਕ ਆਰ.ਟੀ.ਆਈ. ਰਾਹੀਂ ਜਾਣਕਾਰੀ ਮੰਗੀ ਸੀ, ਜਿਸ ਤੋਂ ਪਤਾ ਲੱਗਾ ਕਿ ਅਥਾਰਟੀ ਕੋਲ ਸਿਰਫ 50 ਲੱਖ ਰੁਪਏ ਫੰਡ ਹਨ। ਪਟੀਸ਼ਨਕਰਤਾ ਨੇ ਕਿਹਾ ਕਿ ਇਹ ਰਕਮ ਪ੍ਰਚਾਰ ਨੂੰ ਵੀ ਕਵਰ ਨਹੀਂ ਕਰ ਸਕਦੀ, ਸਹਾਇਤਾ ਪ੍ਰਦਾਨ ਕਰਨਾ ਤਾਂ ਦੂਰ ਦੀ ਗੱਲ ਹੈ। ਸੂਬੇ 'ਚ 400,000 ਤੋਂ ਵੱਧ ਹੜ੍ਹ ਪੀੜਤ ਹਨ ਤੇ ਇਹ ਰਕਮ ਸਮੁੰਦਰ 'ਚ ਸਿਰਫ਼ ਇੱਕ ਬੂੰਦ ਬਰਾਬਰ ਹੈ। ਪਟੀਸ਼ਨਕਰਤਾ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਤੇ ਕੇਂਦਰ ਸਰਕਾਰਾਂ ਨੂੰ ਐਕਟ ਨੂੰ ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਕਦਮ ਚੁੱਕਣ ਲਈ ਨਿਰਦੇਸ਼ ਜਾਰੀ ਕਰੇ।

# ਪੰਜਾਬ 'ਚ ਜੀਓ ਫਾਈਬਰ ਤੇ ਜੀਓ ਏਅਰ ਫਾਈਬਰ ਦਾ ਜਲਵਾ

**ਥੋੜ੍ਹੇ ਸਮੇਂ 'ਚ ਹੀ 10 ਲੱਖ ਤੋਂ ਵੱਧ ਇਮਾਰਤਾਂ ਨੂੰ ਹਾਈ ਸਪੀਡ ਇੰਟਰਨੈੱਟ ਨਾਲ ਜੋੜਿਆ**

ਚੰਡੀਗੜ੍ਹ, 28 ਅਕਤੂਬਰ (ਅਜੀਤ ਬਿਊਰੋ)-ਰਿਲਾਇੰਸ ਜੀਓ ਨੇ ਪੰਜਾਬ 'ਚ 10 ਲੱਖ ਤੋਂ ਵੱਧ ਘਰਾਂ ਤੇ ਉੱਦਮਾਂ ਨੂੰ ਜੀਓ ਫਾਈਬਰ ਤੇ ਜੀਓ ਏਅਰ ਫਾਈਬਰ ਸੇਵਾਵਾਂ ਨਾਲ ਜੋੜ ਕੇ ਇਕ ਨਵਾ ਇਤਿਹਾਸ ਰੱਚ ਦਿੱਤਾ ਹੈ। ਰਿਲਾਇੰਸ ਜੀਓ ਦੀਆਂ ਜੀਓ ਫਾਈਬਰ ਤੇ ਜੀਓ ਏਅਰ ਫਾਈਬਰ ਸੇਵਾਵਾਂ ਨੇ ਬਹੁਤ ਹੀ ਥੋੜੇ ਸਮੇਂ 'ਚ ਪੰਜਾਬ ਦੇ ਸਾਰਿਆਂ ਸ਼ਹਿਰਾਂ, ਪੇਂਡੂ ਤੇ ਅਰਧ-ਸ਼ਹਿਰੀ ਖੇਤਰਾਂ 'ਚ ਵਿਸ਼ਵ ਪੱਧਰੀ ਘਰੇਲੂ ਮਨੋਰੰਜਨ ਤੇ ਹਾਈ-ਸਪੀਡ ਬ੍ਰਾਡਬੈਂਡ ਦੇ ਨਾਲ ਡਿਜੀਟਲ ਕ੍ਰਾਂਤੀ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾ ਦਿੱਤਾ ਹੈ। ਟ੍ਰਾਈ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ 30 ਸਤੰਬਰ 2025 ਤੱਕ, ਰਿਲਾਇੰਸ ਜੀਓ ਦੀ ਜੀਓ ਏਅਰ ਫਾਈਬਰ ਸੇਵਾ ਪੰਜਾਬ 'ਚ 6 ਲੱਖ ਦਾ ਅੰਕੜਾ ਪਾਰ ਕਰ ਗਈ ਹੈ ਜਦਕਿ ਲਗਭਗ 4.4 ਲੱਖ ਇਮਾਰਤਾਂ 'ਚ ਲੋਕ ਹੁਣ ਹਾਈ ਸਪੀਡ ਜੀਓ ਫਾਈਬਰ ਸੇਵਾ ਦਾ ਆਨੰਦ ਮਾਣ ਰਹੇ ਹਨ। ਜੀਓ ਟਰੂ 5ਜੀ ਨੂੰ ਘਰ-ਘਰ ਪਹੁੰਚਾਣ ਵਾਲੀ ਜੀਓ ਏਅਰ ਫਾਈਬਰ ਸੇਵਾਵਾਂ ਨੂੰ ਰਾਜ ਭਰ 'ਚ ਜ਼ਬਰਦਸਤ ਹੁੰਗਾਰਾ ਮਿਲ ਰਿਹਾ ਹੈ। ਇਹ ਸੇਵਾ ਹੁਣ ਰਾਜ ਦੇ ਸਾਰੇ 23 ਜ਼ਿਲ੍ਹਿਆਂ, 98 ਤਹਿਸੀਲਾਂ ਤੇ 82 ਸਬ-ਤਹਿਸੀਲਾਂ ਸਮੇਤ ਹਜ਼ਾਰਾਂ ਪਿੰਡਾਂ 'ਚ ਹਰ ਘਰ ਤੇ ਛੋਟੇ ਕਾਰੋਬਾਰਾਂ ਲਈ ਉਪਲਬਧ ਹੈ।






ਪਾਕਿਸਤਾਨ ਵਿਖੇ ਯਾਤਰੂ ਜਥੇ ਜਾਣ ਦੀ ਫਾਈਲ ਤਸਵੀਰ।

# ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਲਈ 2185 ਭਾਰਤੀ ਸ਼ਰਧਾਲੂਆਂ ਨੂੰ ਮਿਲੇ ਵੀਜ਼ੇ

ਅਟਾਰੀ, 28 ਅਕਤੂਬਰ (ਰਾਜਿੰਦਰ ਸਿੰਘ ਰੂਬੀ/ਗੁਰਦੀਪ ਸਿੰਘ)-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮਨਾਉਣ ਲਈ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ 2185 ਸ਼ਰਧਾਲੂਆਂ ਨੂੰ ਵੀਜ਼ੇ ਮੁਹੱਈਆ ਕਰਵਾਏ ਗਏ ਹਨ। ਭਾਰਤ ਸਥਿਤ ਪਾਕਿਸਤਾਨੀ ਦੂਤਘਰ ਦਿੱਲੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਇਕੱਤਰ ਹੋ ਕੇ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਜਾਣ ਵਾਲੇ ਭਾਰਤੀ ਸਿੱਖ ਸ਼ਰਧਾਲੂਆਂ ਨੂੰ 2185 ਦੇ ਕਰੀਬ ਵੀਜ਼ੇ ਦਿੱਤੇ ਗਏ ਹਨ। ਸਿੱਖ ਸ਼ਰਧਾਲੂ ਭਾਰਤ ਤੋਂ ਅਟਾਰੀ ਸਰਹੱਦ ਰਸਤੇ 4 ਨਵੰਬਰ ਨੂੰ 10 ਦਿਨਾਂ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਲਈ ਰਵਾਨਾ ਹੋਣਗੇ।

## ਫਗਵਾੜਾ 'ਚ ਈ-ਰਿਕਸ਼ਾ ਚਾਲਕ ਦੀ ਗੋਲੀ ਮਾਰ ਕੇ ਹੱਤਿਆ

(ਸਫਾ 3 ਦੀ ਬਾਕੀ)

ਹਸਪਤਾਲ ਲਿਆਂਦਾ ਤੇ ਇਲਾਜ ਦੌਰਾਨ ਉਸਨੇ ਦਮ ਤੋੜ ਦਿੱਤਾ। ਮ੍ਰਿਤਕ ਦੀ ਪਹਿਚਾਣ ਕੁਲਦੀਪ ਧਨਵਾਰ (32) ਵਜੋਂ ਹੋਈ ਹੈ, ਜੋ ਜ਼ਿਲ੍ਹਾ ਗੁਮਲਾ ਝਾਰਖੰਡ ਦਾ ਰਹਿਣ ਵਾਲਾ ਹੈ ਤੇ ਇਸ ਸਮੇਂ ਸੁਖਚੈਨ ਨਗਰ ਵਿਖੇ ਰਹਿੰਦਾ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਰਾਤ ਸਵਾਰੀ ਨੂੰ ਛੱਡ ਕੇ ਘਰ ਵਾਪਸ ਆ ਰਿਹਾ ਸੀ ਜਦੋਂ ਉਸ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀ ਚਲਾਈ। ਪੁਲਿਸ ਸੂਤਰਾਂ ਅਨੁਸਾਰ ਇਹ ਘਟਨਾ ਰਾਤ 12 ਵਜੇ ਤੋਂ ਬਾਅਦ ਵਾਪਰੀ। ਮ੍ਰਿਤਕ ਦੀ ਪਤਨੀ ਰੂਪਾ ਧਨਵਾਰ ਨੇ ਦੱਸਿਆ ਕਿ ਅੱਧੀ ਰਾਤ ਨੂੰ ਉਸ ਦੇ ਪਤੀ ਦਾ ਉਸ ਨੂੰ ਫ਼ੋਨ ਆਇਆ ਸੀ ਤੇ ਉਸ ਨੇ ਖ਼ੁਦ ਸੂਚਨਾ ਦਿੱਤੀ ਸੀ ਕਿ ਉਸ ਦੇ ਗੋਲੀ ਲੱਗੀ ਹੈ। ਉਹ ਮੌਕੇ 'ਤੇ ਪੁੱਜੇ ਤੇ ਉਸ ਨੂੰ ਸਿਵਲ ਹਸਪਤਾਲ ਫਗਵਾੜਾ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਰੈਫ਼ਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਐਸ.ਐਚ.ਓ. ਸਿਟੀ ਊਸ਼ਾ ਰਾਣੀ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦੀ ਸ਼ਤਾਬਦੀ ਸੰਬੰਧੀ ਨਗਰ ਕੀਰਤਨ ਸਜਾਉਣ...

(ਸਫਾ 3 ਦੀ ਬਾਕੀ)

ਦੀਆਂ ਸਮੂਹ ਸਿੱਖ ਸੰਸਥਾਵਾਂ ਤੇ ਸੰਗਤਾਂ ਨੂੰ ਜਿਥੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ, ਉਥੇ ਹੀ 23 ਤੋਂ 29 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਿਲ ਹੋਣ ਦਾ ਵੀ ਸੱਦਾ ਦਿੱਤਾ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਵਲੋਂ ਕਾਰਸੇਵਾ ਤਰਨ ਤਾਰਨ ਵਾਲੇ ਬਾਬਾ ਜਗਤਾਰ ਸਿੰਘ ਤੇ ਬਾਬਾ ਮਹਿੰਦਰ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਮਾਗਮ 'ਚ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ, ਸੀਨੀਅਰ ਅਕਾਲੀ ਆਗੂ ਜਥੇਦਾਰ ਸੁੱਚਾ ਸਿੰਘ ਲੰਗਾਹ, ਨਰਿੰਦਰ ਸਿੰਘ ਬਾੜਾ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਨਿੱਜੀ ਸਕੱਤਰ ਸ਼ਾਹਬਾਜ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਜਤਿੰਦਰਪਾਲ ਸਿੰਘ ਐਕਸੀਅਨ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਰਿਆੜ, ਜ਼ਿਲ੍ਹਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭੋਲਾ ਸਿੰਘ, ਨਿਰਮਲ ਸਿੰਘ ਕਰਤਾਰ ਪਬਲਿਕ ਸਕੂਲ, ਨਵਜੋਤ ਸਿੰਘ ਪ੍ਰਧਾਨ ਨੌਜਵਾਨ ਸਭਾ, ਸੁਖਦੇਵ ਸਿੰਘ ਸਮਾਜ ਸੇਵੀ, ਗੁਰਦੀਪ ਸਿੰਘ ਲੱਛੀਪੁਰ, ਗੁਰਦੁਆਰਾ ਸ੍ਰੀ ਬਾਰਠ ਸਾਹਿਬ ਦੇ ਮੈਨੇਜਰ ਸਰਬਜੀਤ ਸਿੰਘ, ਸਿੱਖ ਮਿਸ਼ਨ ਜੰਮੂ ਕਸ਼ਮੀਰ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ, ਯੂਥ ਅਕਾਲੀ ਆਗੂ ਜਸਪ੍ਰੀਤ ਸਿੰਘ ਰਾਣਾ, ਪ੍ਰਚਾਰਕ ਭਾਈ ਬਟਨਾਮ ਸਿੰਘ, ਭਾਈ ਵਰਿਆਮ ਸਿੰਘ ਤੇ ਭਾਈ ਮਿਹਰਬਾਨ ਸਿੰਘ ਤੇ ਹੋਰ ਮੌਜੂਦ ਸਨ।

## ਅਮਰੀਕਾ 'ਚ 20 ਦਿਨਾਂ...

(ਸਫਾ 3 ਦੀ ਬਾਕੀ)

ਕਿ ਉਸ ਨੇ ਆਪਣੇ ਪੁੱਤਰ ਕਰਨਦੀਪ ਸਿੰਘ (20) ਨੂੰ ਢਾਈ ਕਿੱਲੇ ਜ਼ਮੀਨ ਵੇਚ ਕੇ ਕਰੀਬ ਢਾਈ ਸਾਲ ਪਹਿਲਾਂ ਅਮਰੀਕਾ ਵਿਖੇ ਭੇਜਿਆ ਸੀ। ਜਿਥੇ ਉਹ ਔਰਗੈਨ ਸੂਬੇ ਦੇ ਮਿਲ ਸ਼ਹਿਰ ਵਿਖੇ ਰਹਿ ਕੇ ਇਕ ਸਟੋਰ ਵਿਚ ਕੰਮ ਕਰ ਰਿਹਾ ਸੀ। 8 ਅਕਤੂਬਰ ਦੀ ਸਵੇਰ ਨੂੰ ਕਰਨਦੀਪ ਸਿੰਘ ਨੇ ਸਾਨੂੰ ਫ਼ੋਨ ਕੀਤਾ ਸੀ ਤੇ 9 ਤਰੀਕ ਨੂੰ ਅਸੀਂ ਉਸ ਨੂੰ ਫ਼ੋਨ ਕਰਦੇ ਰਹੇ ਪਰ ਉਸ ਦਾ ਫ਼ੋਨ ਬੰਦ ਸੀ। ਜਦ ਉਸਦੇ ਪੰਜਾਬੀ ਸਟੋਰ ਮਾਲਕ ਨਾਲ ਸੰਪਰਕ ਕੀਤਾ ਤਾਂ ਉਸਨੇ ਦੱਸਿਆ ਕਿ ਕਰਨਦੀਪ ਲਾਪਤਾ ਹੈ। ਅੱਜ ਸਾਨੂੰ 20 ਦਿਨਾਂ ਬਾਅਦ ਇਹ ਪਤਾ ਲੱਗਾ ਹੈ ਕਿ ਉਸ ਦੀ ਲਾਸ਼ ਅਮਰੀਕਾ ਦੀ ਇੱਕ ਨਹਿਰ ਵਿਚੋਂ ਮਿਲੀ ਹੈ। ਮ੍ਰਿਤਕ ਦੇ ਪਿਤਾ ਚਰਨਜੀਤ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦੇ ਪੁੱਤਰ ਦੀ ਲਾਸ਼ ਨੂੰ ਭਾਰਤ ਲਿਆਉਣ 'ਚ ਮਦਦ ਕੀਤੀ ਜਾਵੇ।



**ਜਲੰਧਰ ਸਰਾਫ਼ਾ ਐਸੋਸੀਏਸ਼ਨ**
ਮੰਗਲਵਾਰ 28/10/2025

| | |
|---|---|
| ਸੋਨਾ (22 ਕੈਰੇਟ) | 114,860 |
| ਸੋਨਾ (22 ਕੈਰੇਟ ਪੁਰਾਣਾ) | 111,150 |
| ਚਾਂਦੀ | 149,000 |
| ਸੋਨਾ (23 ਕੈਰੇਟ) | 120,410 |
| ਸੋਨਾ (23 ਕੈਰੇਟ ਪੁਰਾਣਾ) | 116,090 |
| ਸੋਨਾ (24 ਕੈਰੇਟ) | 123,500 |

**ਆਂਡਿਆਂ ਦਾ ਭਾਅ — ਪੰਜਾਬ**
ਪ੍ਰਤੀ ਸੈਂਕੜਾ 600/- ਰੁਪਏ

**ਕਾਟਨ ਰੇਟ — ਤਪਾ ਮੰਡੀ**
ਨਰਮਾ (ਪ੍ਰਤੀ ਕੁਇੰਟਲ) 6600-78,860/-
ਕਾਟਨ (ਪ੍ਰਤੀ ਮਣ) 5550/-
ਕਾਟਨ ਸੀਡ (ਬਿਨੌਲਾ) (ਪ੍ਰਤੀ ਕੁਇੰਟਲ) 4350-4400/-
ਖਲ ਸਰ੍ਹੋਂ (ਪ੍ਰਤੀ ਕੁਇੰਟਲ) 3600/-
ਖਲ ਬਿਨੌਲਾ (ਪ੍ਰਤੀ ਕੁਇੰਟਲ) 4080/- —ਕ੍ਰਿਸ਼ਨ ਸਿੰਗਲਾ

**ਰਾਈਸ ਬ੍ਰਾਨ**
ਤਪਾ ਮੰਡੀ (ਬਰਨਾਲਾ)
174-177/-
(ਪ੍ਰਤੀ ਪੁਆਇੰਟ)
— ਅਮੋਲ ਸਿੰਗਲਾ

**ਪੰਜਾਬ ਲੋਹਾ ਬਾਜ਼ਾਰ, ਮੰਡੀ ਗੋਬਿੰਦਗੜ੍ਹ**

ਭਾਅ (ਪ੍ਰਤੀ ਟਨ) (ਭਾਰਤੀ ਰੁਪਏ 'ਚ) (ਜੀ.ਐਸ.ਟੀ. ਵੱਖਰਾ)
ਸਰੀਆ ਟੀ ਐਮ ਟੀ (12 ਐਮ ਐਮ) ਆਈ ਐਸ ਆਈ
ਇੰਗਟ 38,000, ਬਿਲੇਟ 38,000, ਮੈਲਟਿੰਗ ਸਕ੍ਰੈਪ 29,300, ਪੁਰਾਣਾ ਸਕ੍ਰੈਪ 26,300, ਐਂਗਲ 42,600, ਚੈਨਲ 46,800, ਪੱਤਰਾ 39,300, ਟੀ. ਆਇਰਨ 47,100, ਪਾਈਪ 41,300, ਗਾਰਡਰ 46,800, ਗੋਲ ਸਰੀਆ 42,600, ਸਰੀਆ ਟੀ.ਐਮ.ਟੀ. (ਲੋਕਲ) 43,600, ਸਰੀਆ ਬਰਾਂਡ ਆਈ.ਐਸ.ਆਈ. (ਕੇ-2) 49,531. ਕਾਮਧੇਨੂ ਨੈਕਸਟ 50,401. —ਮੋਹਿਤ ਸਿੰਗਲਾ

# 34ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 11 ਤੋਂ 14 ਦਸੰਬਰ ਤੱਕ

**ਸਿੰਘ ਸਾਹਿਬਾਨ, ਸੰਤ-ਮਹਾਂਪੁਰਸ਼, ਗੁਰਮਤਿ ਸੰਗੀਤ ਦੇ ਮਾਹਿਰ ਸ਼ਮੂਲੀਅਤ ਕਰਨਗੇ-ਸੰਤ ਅਮੀਰ ਸਿੰਘ**

ਲੁਧਿਆਣਾ, 28 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਜਵੱਦੀ ਟਕਸਾਲ ਵਲੋਂ ਆਰੰਭੇ ਕੌਮੀ ਕਾਰਜ ਗੁਰਮਤਿ ਸੰਗੀਤ ਦੇ ਪ੍ਰਚਾਰ-ਪਸਾਰ ਨੂੰ ਹੋਰ ਪ੍ਰਚੰਡ ਕਰਨ ਲਈ ਉਨ੍ਹਾਂ ਤੋਂ ਵਰੋਸਾਏ ਮਹਾਂਪੁਰਸ਼ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਵਲੋਂ 34ਵਾਂ ਅਦੁੱਤੀ ਗੁਰਮਤ ਸੰਗੀਤ ਸੰਮੇਲਨ 11 ਤੋਂ 14 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਸੰਤ ਬਾਬਾ ਅਮੀਰ ਸਿੰਘ ਨੇ ਦੱਸਿਆ ਕਿ ਇਸ ਵਾਰ ਦਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ, ਜਿਸ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ 40 ਦੇ ਕਰੀਬ ਗੁਰਮਤਿ ਸੰਗੀਤ ਮਾਹਿਰ ਕੀਰਤਨੀਏ 17 ਰਾਗਾਂ ਦੇ ਆਧਾਰਿਤ ਗੁਰਬਾਣੀ ਗਾਇਨ ਕਰਨਗੇ। ਉਨ੍ਹਾਂ ਦੱਸਿਆ ਕਿ ਗੁਰਮਤਿ ਸੰਗੀਤ ਸੰਮੇਲਨ ਦੇ ਪਹਿਲੇ ਦੋ ਦਿਨ 11 ਤੇ 12 ਦਸੰਬਰ ਨੂੰ ਕੇਵਲ ਰਾਤ ਦੇ ਸਮਾਗਮ ਹੋਣਗੇ ਜਦਕਿ 12 ਅਤੇ 13 ਦਸੰਬਰ ਨੂੰ ਸਵੇਰ ਤੋਂ ਰਾਤ ਤੱਕ ਸੰਗੀਤ ਸੰਮੇਲਨ ਹੋਣਗੇ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਤਖ਼ਤ ਸਾਹਿਬਾਨਾਂ ਦੇ ਸਿੰਘ ਸਾਹਿਬਾਨ, ਗੁਰਮਤਿ ਸੰਗੀਤ ਦੇ ਮਾਹਿਰ ਵਿਦਵਾਨ ਕੀਰਤਨੀਏ, ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਵੀ ਸ਼ਮੂਲੀਅਤ ਕਰਨਗੇ।



ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ।

## ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਉਸ ਦੇ...

(ਸਫਾ 3 ਦੀ ਬਾਕੀ)

ਮੁਲਜ਼ਮ ਨੂੰ ਭਗੌੜਾ ਐਲਾਨਿਆ ਗਿਆ। ਇਹ ਮਾਮਲਾ ਕਰੀਬ 7 ਕਰੋੜ ਰੁਪਏ ਦੀ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਨਾਲ ਸੰਬੰਧਿਤ ਹੈ, ਜੋ ਕਿ 2023 ਵਿਚ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਦਰਜ ਕੀਤਾ ਗਿਆ ਸੀ। ਇਸਦੇ ਨਾਲ ਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਵੀ ਹਵਾਲਾ ਰਾਸ਼ੀ ਐਕਟ ਤਹਿਤ ਵੱਖਰਾ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਅਦਾਲਤ ਨੇ ਸਾਧੂ ਸਿੰਘ ਧਰਮਸੋਤ ਤੇ ਉਸ ਦੇ ਪੁੱਤਰ ਵਿਰੁੱਧ ਹਵਾਲਾ ਰਾਸ਼ੀ ਐਕਟ ਦੀ ਧਾਰਾ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 4 ਅਧੀਨ ਦੋਸ਼ ਤੈਅ ਕੀਤੇ ਹਨ। ਇਹ ਦੋਸ਼ ਵਿਸ਼ੇਸ਼ ਜੱਜ ਹਰਦੀਪ ਸਿੰਘ ਦੀ ਅਦਾਲਤ ਵਲੋਂ ਤੈਅ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਾਬਕਾ ਮੰਤਰੀ ਧਰਮਸੋਤ ਵਲੋਂ ਟ੍ਰਾਇਲ 'ਤੇ ਅਸਥਾਈ ਰੋਕ (ਸਟੇਅ) ਲਗਾਉਣ ਲਈ ਅਰਜ਼ੀ ਦਾਇਰ ਕੀਤੀ ਗਈ ਸੀ, ਜਿਸ ਨੂੰ ਅਦਾਲਤ ਵਲੋਂ 14 ਅਕਤੂਬਰ ਨੂੰ ਰੱਦ ਕਰ ਦਿੱਤਾ ਗਿਆ ਸੀ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 18 ਨਵੰਬਰ ਨੂੰ ਹੋਵੇਗੀ।

## ਜਥੇ: ਗੜਗੱਜ ਦੀ ਦੁਬਾਰਾ ਦਸਤਾਰਬੰਦੀ ਨਾਲ ਸਿੱਖ...

(ਸਫਾ 3 ਦੀ ਬਾਕੀ)

ਹਰ ਆਏ ਦਿਨ ਪੰਥਕ ਸਿਧਾਂਤਾਂ ਦੀ ਬੇਹੁਰਮਤੀ ਕਰਕੇ ਪੰਥ ਵਿਚ ਦੁਬਿਧਾ ਪੈਦਾ ਕੀਤੀ ਜਾ ਰਹੀ ਹੈ। ਕੀ ਗਿਆਨੀ ਕੁਲਦੀਪ ਸਿੰਘ ਅਤੇ ਜਥੇਦਾਰ ਟੇਕ ਸਿੰਘ ਦੀ ਨਿਯੁਕਤੀ ਕਰਨ ਲਈ ਸਮੁੱਚੇ ਪੰਥ ਦੀਆਂ ਰਾਵਾਂ ਲਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਵਲੋਂ ਕੀਤੇ ਵਾਅਦੇ ਅਨੁਸਾਰ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਤੇ ਸੇਵਾ ਮੁਕਤੀ ਦਾ ਪੰਥ ਪ੍ਰਵਾਨਿਤ ਵਿਧੀ ਵਿਧਾਨ ਕਿਉਂ ਨਹੀਂ ਬਣਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੇ ਇਨ੍ਹਾਂ ਸਵਾਲਾਂ ਦਾ ਅੱਜ ਤੱਕ ਕੋਈ ਤਸੱਲੀ ਬਖ਼ਸ਼ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ 25 ਅਕਤੂਬਰ ਦੇ ਸਮਾਗਮ ਵਿਚ ਸ਼ਾਮਿਲ ਸਤਿਕਾਰਯੋਗ ਸ਼ਖਸ਼ੀਅਤਾਂ ਵਲੋਂ ਦਿੱਤੇ ਗਏ ਸਪਸ਼ਟੀਕਰਨਾਂ ਨੂੰ ਵੀ ਵੇਖਿਆ ਜਾਵੇ ਤਾਂ ਗਿਆਨੀ ਗੜਗੱਜ ਦੀ ਮੁੜ ਦਸਤਾਰਬੰਦੀ ਤੇ ਉਨ੍ਹਾਂ ਧਿਰਾਂ ਵਲੋਂ ਪ੍ਰਵਾਨਗੀ ਮਿਲਣ ਤੋਂ ਪਹਿਲਾਂ (ਜਦੋਂ ਉਹ ਪ੍ਰਵਾਨਿਤ ਜਥੇਦਾਰ ਹੀ ਨਹੀਂ ਸਨ) ਕੀਤੇ ਗਏ ਫ਼ੈਸਲਿਆਂ ਬਾਰੇ ਕੀ ਕੀਤਾ ਜਾਵੇਗਾ। ਅਖੀਰ 'ਚ ਉਨ੍ਹਾਂ 25 ਅਕਤੂਬਰ ਦੇ ਸਮਾਗਮ ਵਿਚ ਸ਼ਮੂਲੀਅਤ ਕਰਨ ਵਾਲੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਨੂੰ ਵੀ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਕੌਮ ਨੇ ਉਨ੍ਹਾਂ ਦੇ ਮੋਢਿਆਂ ਉੱਪਰ ਬਹੁਤ ਵੱਡੀ ਜ਼ਿੰਮੇਵਾਰੀ ਦਿੱਤੀ ਹੋਈ ਹੈ। ਇਸ ਲਈ ਉਪਰੋਕਤ ਸਵਾਲਾਂ ਸੰਬੰਧੀ ਪੰਥ ਵਿਚ ਪਈ ਹੋਈ ਦੁਬਿਧਾ ਦੂਰ ਕਰਨ ਲਈ ਆਪਸੀ ਮਿਲ ਬੈਠਕੇ ਗੰਭੀਰਤਾ ਨਾਲ ਚਿੰਤਨ ਕਰਨਾ ਚਾਹੀਦਾ ਹੈ।


# ਸਿਰਲੇਖਵਾਰ ਇਸ਼ਤਿਹਾਰ Classified Advertisement

## ਕੰਨਿਆ ਦੀ ਲੋੜ — Bride Wanted

ਜੱਟ ਗੁਰਸਿੱਖ ਲੜਕਾ 37/5'-8", ਜ਼ਮੀਨ ਤਿੰਨ ਕਿੱਲੇ ਲਈ ਪੜ੍ਹੀ-ਲਿਖੀ ਘਰੇਲੂ ਲੜਕੀ ਚਾਹੀਏ। 78149-36354. ....15w

ਜੱਟ ਸਿੱਖ ਲੜਕਾ 1993/5'-5", BA, ITI Diploma, ਚੰਗਾ ਕਾਰੋਬਾਰ ਲਈ ਵਿਦੇਸ਼ੀ-ਇੰਡੀਅਨ ਲੜਕੀ ਚਾਹੀਏ। (ਮੋਗਾ) 97800-06695. ....16w

ਜੱਟ ਸਿੱਖ ਲੜਕਾ 29/5'-10", 6 ਏਕੜ ਹੋਟਲ ਮੈਨੇਜਮੈਂਟ ਲਈ ਕੈਨੇਡਾ PR ਲੜਕੀ ਚਾਹੀਏ। ਪਰਿਵਾਰ ਕੈਨੇਡਾ ਸੈਟਲ। ਬਿਊਰੋ ਸਖ਼ਤ ਮਨ੍ਹਾਂ। 88724-20154. ....21w

ਜੱਟ ਸਿੱਖ ਲੜਕਾ 23 ਸਾਲ 5'-9", ਕੈਨੇਡਾ ਲੜਕੇ ਲਈ ਕੈਨੇਡੀਅਨ PR ਲੜਕੀ ਦੀ ਲੋੜ ਹੈ। ਲੜਕੇ ਕੋਲ 10 ਸਾਲ ਅਮਰੀਕਾ ਦਾ ਵੀਜ਼ਾ ਹੈ। 94630-28217. ....24w

ਕੈਨੇਡਾ ਰਹਿੰਦੇ ਦੋ ਸਕੇ ਭਰਾ ਜੱਟ ਸਿੱਖ ਢਿੱਲੋਂ PR 30/5'-9" ਅਤੇ ਵਿਜ਼ਟਰ 33/6'-0" ਲਈ ਲੜਕੀਆਂ ਚਾਹੀਦੀਆਂ। ਵਿਜ਼ਟਰ ਲੜਕੇ ਲਈ ਕੈਨੇਡਾ PR/ਵਰਕ ਪਰਮਿਟ ਹੋਵੇ। ਬਿਊਰੋ ਮੁਆਫ਼ 7652939839 ....29w

ਜੱਟ ਲੜਕਾ 24 ਸਾਲ ਕੈਨੇਡਾ ਵਰਕ ਲਈ ਕੈਨੇਡਾ PR ਲੜਕੀ ਚਾਹੀਏ, ਕੋਰਟ ਮੈਰਿਜ 88475-29410. ....15w

ਜੱਟ ਸਿੱਖ ਕੈਨੇਡਾ ਸਿਟੀਜ਼ਨ ਸਿੱਧੂ ਲੜਕਾ ਮੋਗਾ, ਜਨਮ 1989, ਕੱਦ 5'-9", ਲਈ ਸੁੰਦਰ ਖ਼ਾਨਦਾਨੀ ਲੜਕੀ ਦੀ ਲੋੜ, ਵਿਜ਼ੀਟਰ ਅਤੇ ਵਰਕ ਪਰਮਿਟ ਮਾਲਵੇ ਨੂੰ ਪਹਿਲ। ਵਟਸਐਪ ਨੰਬਰ: +12049554207. ....28w

ਆਸਟ੍ਰੇਲੀਆ ਸਿਟੀਜ਼ਨ ਰਾਮਗੜ੍ਹੀਆ ਸਿੱਖ ਤਲਾਕਸ਼ੁਦਾ ਲੜਕਾ 40/6', ਆਪਣਾ ਕਾਰੋਬਾਰ ਲਈ ਪੜ੍ਹੀ-ਲਿਖੀ ਸੁੰਦਰ ਲੜਕੀ ਦੀ ਲੋੜ। ਮੈਰਿਜ ਬਿਊਰੋ ਮੁਆਫ਼। ਦੁਆਬਾ ਪਹਿਲ। ਸੰਪਰਕ 99143-02151. ....24w

ਪਰਜਾਪਤ ਸਿੱਖ ਲੜਕਾ 2003, 5'-11", ਲਈ ਆਸਟ੍ਰੇਲੀਆ ਜਾਣ ਵਾਲੀ 6.5 ਬੈਂਡ ਵਾਲੀ ਕੰਨਿਆ ਚਾਹੀਏ। ਖਰਚਾ ਲੜਕੇ ਵਲੋਂ ਭਰਾ ਆਸਟ੍ਰੇਲੀਆ। 94174-48056. ....20w

## ਵਰ ਦੀ ਲੋੜ — Groom Wanted

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 2001/5'-7" B.Sc Nursing NCLEX Clear, Registered Nurse ਲਈ ਵਧੀਆ ਪਰਿਵਾਰ ਦੀ ਲੋੜ। 98762-46527. ....19w

ਜੱਟ ਸਿੱਖ ਤਲਾਕਸ਼ੁਦਾ 35, 5'-3", ਗਰੀਸ PR ਲੜਕੀ ਲਈ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਦਾ PR ਲੜਕਾ ਚਾਹੀਏ। ਤਲਾਕਸ਼ੁਦਾ ਨੂੰ ਪਹਿਲ। 98156-00238. ....20w

ਕੈਨੇਡਾ ਰਹਿੰਦੀ ਜੱਟ ਸਿੱਖ ਲੜਕੀ 31/5'-3", B.Sc ਨਰਸਿੰਗ ਲਈ ਕੈਨੇਡਾ ਪੀ. ਆਰ (ਬਰੈਂਪਟਨ) ਵੈਸ਼ਨੂੰ ਲੜਕਾ ਚਾਹੀਦਾ 6284637386 ....17w

ਕੈਨੇਡਾ ਗਈ ਜੱਟ ਸਿੱਖ ਅੰਮ੍ਰਿਤਧਾਰੀ ਲੜਕੀ 1999/5'-7", ਲਈ PR ਕੈਨੇਡਾ ਅੰਮ੍ਰਿਤਧਾਰੀ ਲੜਕੇ ਦੀ ਲੋੜ। ਮੈਰਿਜ ਬਿਊਰੋ ਮੁਆਫ਼। (ਫ਼ਰੀਦਕੋਟ) 77194-55529, 79869-05972. ....21w

ਜੱਟ ਸਿੱਖ ਕੈਨੇਡਾ ਸਿਟੀਜ਼ਨ 23/5'-6", ਲੜਕੀ ਲਈ ਨਸ਼ਾ ਰਹਿਤ ਪਰਿਵਾਰ ਦਾ ਮਿਹਨਤੀ ਲੜਕਾ ਚਾਹੀਏ 9041835118 ....16w

ਜੱਟ ਸਿੱਖ Govt. Teacher ਤਲਾਕਸ਼ੁਦਾ ਲੜਕੀ 1996/5'-5" BA, B.Ed MA (Eng) ਲਈ ਵਧੀਆ ਪਰਿਵਾਰ ਦੀ ਲੋੜ। Upper Caste Welcome. 83601-14860. ....21w

ਸੈਣੀ ਸਿੱਖ ਬਾਂਝ ਤਲਾਕਸ਼ੁਦਾ ਲੜਕੀ 1992/5'-4" +2, Own Boutique ਲਈ ਬੱਚੇ ਵਾਲੇ ਪਰਿਵਾਰ ਦੀ ਲੋੜ। 98141-58021. ....17w

ਰਾਮਦਾਸੀਆ ਸਿੱਖ ਕੈਨੇਡਾ ਪੀ ਆਰ ਲੜਕੀ 2002/5'-7" B.Sc Nursing (Canada) NCLEX Clear Test, Registered Nurse ਲਈ ਵਧੀਆ Indian/ਵਿਦੇਸ਼ੀ ਪਰਿਵਾਰ ਦੀ ਲੋੜ। ਲੜਕੀ India ਆਈ ਹੈ। Caste No Bar. 90563-63382. ....30w

ਰਾਮਦਾਸੀਆ ਸਿੱਖ ਬਾਂਝ ਤਲਾਕਸ਼ੁਦਾ Govt. Teacher ਲੜਕੀ 1987/5'-5" MA (English) ETT ਲਈ ਬੱਚੇ ਵਾਲੇ ਪਰਿਵਾਰ ਵੀ ਕਰ ਸਕਦੇ ਹਨ। 99150-95937. ....21w

ਕੈਨੇਡਾ ਪੀ ਆਰ ਬਾਵਾ ਲੜਕੀ 28/5'-2" ਲਈ ਕੈਨੇਡਾ ਪੀ ਆਰ, 5 ਏਕੜ ਜ਼ਮੀਨ ਵਾਲਾ ਲੜਕਾ ਚਾਹੀਏ। ਬਾਵਾ ਤੇ ਜੱਟ ਸਿੱਖ ਨੂੰ ਪਹਿਲ। ਲੜਕੀ ਅਤੇ ਪਰਿਵਾਰ ਇੰਡੀਆ ਆਇਆ ਹੈ। ਸੰਪਰਕ: 70093-83207. ਵਟਸਐਪ: 88721-77961. ....30w



## ਸੂਚਨਾ Notice

### ਬੇਦਖਲੀ ਵਾਪਸ — Disinherit Withdraw

ਮੈਂ ਸੁਖਚੈਨ ਸਿੰਘ ਪੁੱਤਰ ਹਰਚਰਨ ਸਿੰਘ ਵਾਸੀ ਗਲੀ ਚੰਨਣ ਸਿੰਘ ਵਾਲੀ ਮੁਹੱਲਾ ਟਾਂਕਸ਼ੱਤਰੀ ਤਰਨ ਤਾਰਨ ਨੇ ਆਪਣੇ ਲੜਕੇ ਗਗਨਦੀਪ ਸਿੰਘ ਅਤੇ ਨੂੰਹ ਪੂਨਮ, ਜੋ ਮੇਰੇ ਕਹਿਣੇ ਤੋਂ ਬਾਹਰ ਸਨ 13 ਦਸੰਬਰ 2024 ਨੂੰ ਬੇਦਖ਼ਲ ਕਰ ਦਿੱਤਾ ਸੀ, ਪਰ ਹੁਣ ਇਹ ਦੋਵੇਂ ਮੇਰੇ ਨਾਲ ਸਹਿਮਤ ਹਨ ਅਤੇ ਮੈਂ ਆਪਣੀ ਬੇਦਖ਼ਲੀ ਰੱਦ ਕਰਦਾ ਹਾਂ। ਮੇਰਾ ਲੜਕਾ ਗਗਨਦੀਪ ਸਿੰਘ ਅਤੇ ਨੂੰਹ ਪੂਨਮ ਮੇਰੀ ਸਾਰੀ ਚੱਲ-ਅਚੱਲ ਜਾਇਦਾਦ ਨਾਲ ਸੰਬੰਧ ਹੋਵੇਗਾ। ....66w

### ਸੂਚਨਾ — Notice

ਮੈਂ ਕੇਵਲਜੀਤ ਸਿੰਘ ਸਪੁੱਤਰ ਸ. ਜਸਵੰਤ ਸਿੰਘ ਵਾਸੀ #232, ਫੇਸ-2, ਗ੍ਰੀਨ ਸਿਟੀ, ਬਠਿੰਡਾ ਬਿਆਨ ਕਰਦਾ ਹਾਂ ਕਿ ਕੇਵਲਜੀਤ ਸਿੰਘ ਉਰਫ਼ ਕੰਵਲਜੀਤ ਸਿੰਘ ਦੋਨੋਂ ਨਾਂਅ ਮੇਰੇ ਹਨ। ਮੈਨੂੰ ਦੋਨਾਂ ਨਾਵਾਂ ਨਾਲ ਹੀ ਜਾਣਿਆ ਜਾਂਦਾ ਹੈ। ....35w



## ਦਾਖਲਾ/ਸਿੱਖਿਆ — Admission and education

### ਦਾਖਲਾ ਸੂਚਨਾ — Admission Notice

Bharat Institute of Nursing Training, Mudh, Nakodar, Jalandhar. Semi Online Counselling for Leftover Seats in ANM & GNM for Session 2025-26 as per INC and PNRC eligibility criteria, Application must reach on or before 30.10.2025 by 05.00 PM in College. Counselling will be held on 31.10.2025 at 9.00 AM onwards. Email: nursing.bharat@gmail.com, Mob: 97795-00366, 97795-00966, 82839-39966. ....64w



## ਨੌਕਰੀਆਂ/ਰੋਜ਼ਗਾਰ — jobs jobs jobs

### ਅਸਾਮੀਆਂ — Vacancy

ਹੋਸਟਲ ਵਾਰਡਨ ਲੜਕੇ ਅਤੇ ਲੜਕੀਆਂ ਲਈ ਏਂਜਲਜ਼ ਪਬਲਿਕ ਸਕੂਲ ਮਾਮੂਨ ਪਠਾਨਕੋਟ ਵਿਚ ਸਕੂਲ ਹੋਸਟਲਾਂ ਲਈ ਵਾਰਡਨ ਦੀਆਂ ਅਸਾਮੀਆਂ ਦੀ ਭਰਤੀ ਕੀਤੀ ਜਾ ਰਹੀ ਹੈ। ਚਾਹਵਾਨ ਉਮੀਦਵਾਰ ਹੇਠਾਂ ਦਿੱਤੇ ਫੋਨ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਨੋਟ: ਉਮੀਦਵਾਰਾਂ ਨੂੰ ਅਨੁਸ਼ਾਸਿਤ ਜ਼ਿੰਮੇਵਾਰ ਅਤੇ ਵਿਦਿਆਰਥੀਆਂ ਨੂੰ ਸੰਭਾਲਣ ਦਾ ਤਜਰਬਾ ਹੋਣਾ ਲਾਜ਼ਮੀ ਹੈ। ਸੰਪਰਕ: 098885-00552 ਈਮੇਲ: angelspublic-school948@gmail.com ....57w

ਸਟੈਂਡਰਡ ਕਾਰਪੋਰੇਸ਼ਨ (ਟਰੈਕਟਰ ਡਵੀਜ਼ਨ) ਬਰਨਾਲਾ ਨੂੰ R&D, ਸਰਵਿਸ ਇੰਚਾਰਜ, ਪ੍ਰਚੇਜ਼ ਇੰਚਾਰਜ ਦੀ ਜ਼ਰੂਰਤ ਹੈ। ਸੰਪਰਕ ਨੰ: 98884-00933 (Whatsapp only) ....19w

### ਲੋੜ ਹੈ — Wanted

ਰੰਧਾਵਾ ਸਕਿਉਰਿਟੀ ਸਰਵਿਸਿਜ਼ ਨੂੰ 8 ਘੰਟੇ ਅਤੇ 12 ਘੰਟੇ ਦੀ ਡਿਊਟੀ ਲਈ ਸਕਿਉਰਿਟੀ ਗਾਰਡਾਂ ਦੀ ਲੋੜ ਹੈ। ਲੁਧਿਆਣਾ-96462-94301. ....19w

Baba Moni Ji Maharaj Degree College, Lehra Mohabbat (Bathinda) Required Principal-01, Political Science-01, Economics-01, History-01, Maths-01, Hindi-01, English-01, Punjabi-02, Sociology-01, Physical Education-01, Religion-01, Computer-02. Qualification & Salary as per Punjabi University Patiala/Punjab Govt./UGC Norms. Email Resume at momi_college@yahoo.in and apply collegejobs.punjabiuniversity.ac.in Within 15 Days. Contact No: 72628-00005. ....70w



## ਇਲਾਜ — Medical

### ਕਮਜ਼ੋਰੀ ਦਾ ਇਲਾਜ — Weakness treatment

ਜ਼ੋਰਦਾਰ ਤਾਕਤ, ਸ਼ੀਘਰਪਤਨ (7800/-, 9600/- ਮਹੀਨਾ), ਧਾਂਤ, ਸੁਪਨਦੋਸ਼ (2700/-ਮਹੀਨਾ), ਕੱਦ ਲੰਬਾ (1800/-ਮਹੀਨਾ)। ਮਿਲੋ/ਮੰਗਵਾਓ: ਡਾ. ਦਿਲਬਾਗ ਕਲੀਨਿਕ, ਰਾਮਬਾਗ, ਬੱਸ ਸਟੈਂਡ, ਅੰਮ੍ਰਿਤਸਰ। 9814177887. ....24w



### ਬਿਊਟੀ — Beauty

ਦਾੜ੍ਹੀ ਦਾ ਸਫ਼ੇਦ ਹੋਣਾ, ਵਾਲਾਂ ਦਾ ਝੜਨਾ, ਕੰਪਿਊਟਰਾਈਜ਼ ਮਸ਼ੀਨਾਂ ਦੁਆਰਾ ਟੈਸਟ ਕਰਕੇ, ਲੇਜ਼ਰ ਮਸ਼ੀਨ/ਪੀਆਰਪੀ ਨਾਲ ਠੀਕ। ਲੇਜ਼ਰ+ਦਵਾਈ : 1500-1800/- ਹਫ਼ਤਾ। ਸਿਰੀਰਾਮ ਹਸਪਤਾਲ, ਫਰੀਦਕੋਟ। 98143-32202. ....27w



## ਖਰੀਦ/ਵੇਚ — Sale/Purchase

### ਵਿਕਾਊ — For Sale

ਝੋਨੇ ਦੀਆਂ ਬੋਰੀਆਂ ਦੇ ਹੇਠਾਂ ਰੱਖਣ ਵਾਲੇ ਲੱਕੜ ਦੇ ਕਰੇਟ ਖ਼ਰੀਦਣ ਲਈ ਸੰਪਰਕ ਕਰੋ: 80940-00003, 98143-14157. ....16w



## ਪ੍ਰਾਪਰਟੀ/ਜਾਇਦਾਦ — Real estate

### ਜ਼ਮੀਨ ਵਿਕਾਊ — Land for Sale

4½, 21, 12, 65, 60, 13, 25, 20 ਜ਼ਮੀਨ ਖੇਤ ਵਿਕਾਊ। ਮੋਟਰਾਂ ਵਿਚ। ਸੰਪਰਕ 70877-16493. ....15w

ਰਾਮਪੁਰਾ ਰੋਡ ਮਹਿਰਾਜ ਨੇੜੇ ਸਿਤਾਰਾ ਸ਼ੈਲਰ 7 ਏਕੜ ਉਪਜਾਊ ਜ਼ਮੀਨ ਸਮੇਤ ਕੋਠੀ ਵਿਕਾਊ। 95927-57278. ....15w

## ਪਾਠਕਾਂ ਦੇ ਧਿਆਨ ਹਿਤ

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖ਼ਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

## ਸੂਚਨਾ

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ। -ਇਸ਼ਤਿਹਾਰ ਮੈਨੇਜਰ



**ਪੰਜਾਬ ਸਰਕਾਰ**
**ਗਰੇਟਰ ਮੁਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ**
ਪੁੱਡਾ ਭਵਨ, ਸੈਕਟਰ-62, ਐਸ. ਏ. ਐਸ. ਨਗਰ।

ਟੈਂਡਰ ਹਵਾਲਾ ਨੰ. 1603-13 ਮਿਤੀ : 27-10.2025
ਡਵੀਜ਼ਨਲ ਇੰਜੀਨੀਅਰ (ਸੀ-2) ਗਮਾਡਾ ਦੁਆਰਾ "ਨਿਊ ਚੰਡੀਗੜ੍ਹ ਵਿਚ ਐਚ. ਆਰ.-2 ਰੋਡ ਤੋਂ ਪੀ. ਆਰ.-4 ਰੋਡ, ਤੱਕ ਵੀ. ਆਰ.-6 ਰੋਡ ਦੀ ਮੁਰੰਮਤ" ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਅੰਤਿਮ ਮਿਤੀ ਅਤੇ ਸਮਾਂ 04.11.2025, ਸਵੇਰੇ : 11.00 ਵਜੇ
ਵੇਰਵਿਆਂ ਲਈ ਲਾਗਆਨ ਕਰੋ : https://eproc.punjab.gov.in
ਨੋਟ : ਟੈਂਡਰ ਨੋਟਿਸ ਸੰਬੰਧੀ ਕੋਈ ਸੋਧ (ਸੋਧਾਂ) ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।
PR-Advt No. : 1324/12/2025-26/4482

**ਪੰਜਾਬ ਮੰਡੀ ਬੋਰਡ**
ਈਮੇਲ : pmb.xencpat@punjab.gov.in
ਆਨਲਾਈਨ ਬੋਲੀਆਂ ਮੰਗਣ ਦਾ ਨੋਟਿਸ ਟੈਂਡਰ ਨੋਟਿਸ ਨੰ: 31 ਮਿਤੀ 27.10.2025
ਪੰਜਾਬ ਦੇ ਰਾਜਪਾਲ ਦੀ ਤਰਫੋਂ, ਕਾਰਜਕਾਰੀ ਇੰਜੀਨੀਅਰ (ਸੀ) ਪੰਜਾਬ ਮੰਡੀ ਬੋਰਡ ਪਟਿਆਲਾ ਦੁਆਰਾ ਪੰਜਾਬ ਮੰਡੀ ਬੋਰਡ ਕੋਲ ਰਜਿਸਟਰਡ ਯੋਗ ਬੋਲੀਕਾਰਾਂ ਤੋਂ ਪਰਚੇਜ਼ ਸੈਂਟਰ ਲੋਹਸਿੰਬਲ ਜ਼ਿਲ੍ਹਾ ਪਟਿਆਲਾ ਵਿਖੇ ਡੀ ਬੀ ਸਹਿਤ ਏ ਪੀ ਐਫ ਅਤੇ ਮੰਡੀ ਤੱਕ ਪਹੁੰਚ ਸੜਕ ਦਾ ਨਿਰਮਾਣ ਅਤੇ ਪਰਚੇਜ਼ ਸੈਂਟਰ ਮਾਰੂ ਵਿਖੇ ਡੀ ਬੀ ਸਹਿਤ ਏ ਪੀ ਐਫ ਦਾ ਨਿਰਮਾਣ, 200x75 ਸ਼ੈੱਡ ਦੇ ਨਿਰਮਾਣ ਲਈ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਅੰਤਿਮ ਮਿਤੀ ਅਤੇ ਸਮਾਂ : 17.11.2025, ਸਵੇਰੇ 11.00 ਵਜੇ
ਲਗਭਗ : ਰਾਸ਼ੀ 284.38 ਲੱਖ — ਵੇਰਵੇ ਲਈ ਲਾਗਆਨ ਕਰੋ : https:/eproc.punjab.gov.in
ਨੋਟ : ਟੈਂਡਰ ਨੋਟਿਸ ਸੰਬੰਧੀ ਕੋਈ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।
ਸਹੀ/-ਕਾਰਜਕਾਰੀ ਇੰਜੀਨੀਅਰ (ਸੀ), ਪੰਜਾਬ ਮੰਡੀ ਬੋਰਡ, ਪਟਿਆਲਾ।
PR-Advt. No. 1685/12/2025-26/4500

**ਪੰਜਾਬ ਸਰਕਾਰ**
**ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ**
ਪੁੱਡਾ ਕੰਪਲੈਕਸ, ਅਰਬਨ ਅਸਟੇਟ ਫੇਸ-II, ਪਟਿਆਲਾ
ਈ ਟੈਂਡਰ/ਪੀ ਡੀ ਏ/ਡੀ ਈ (ਸੀ) ਪੀ ਟੀ ਏ/2025/34614-621 ਮਿਤੀ : 28.10.2025
ਡਵੀਜ਼ਨਲ ਇੰਜੀਨੀਅਰ (ਸੀ) ਪੀ ਡੀ ਏ ਪਟਿਆਲਾ ਦੁਆਰਾ "ਪਿੰਡ ਹਰਦਾਸਪੁਰ ਅਤੇ ਕਾਸੀਆਣਾ ਪਟਿਆਲਾ ਵਿਖੇ ਟ੍ਰਾਈਕੋਨ ਸਿਟੀ ਵਿਚ ਰਿਹਾਇਸ਼ੀ ਪਲਾਟਾਂ ਵਜੋਂ 3.63 ਏਕੜ ਈ ਡਬਲਿਊ ਐਸ ਸਾਈਟ ਦਾ ਵਿਕਾਸ ਕਰਨਾ (ਡੀ ਐਨ ਆਈ ਟੀ ਰਾਸ਼ੀ-ਰੁਪਏ 126.02 ਲੱਖ" ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਅੰਤਿਮ ਮਿਤੀ ਅਤੇ ਸਮਾਂ : 19.11.2025 ਨੂੰ ਬਾਅਦ ਦੁਪਹਿਰ 01.00 ਵਜੇ।
ਵੇਰਵਿਆਂ ਲਈ ਲਾਗਆਨ ਕਰੋ : https://eproc.punjab.gov.in
ਟਿੱਪਣੀ : ਟੈਂਡਰ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
PR-Advt. No :- 1319/12/2025-26/4515

**ਪੰਜਾਬ ਸਰਕਾਰ**
ਆਰ ਐਫ ਪੀ/ਟੈਂਡਰ ਹਵਾਲਾ ਨੰ. 299-303/TIL ਮਿਤੀ : 24.10.2025
ਨਗਰ ਨਿਗਮ ਵਿਭਾਗ ਪਟਿਆਲਾ ਦੁਆਰਾ ਹੇਠਾਂ ਲਿਖੇ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ :-

| ਲੜੀ ਨੰ. | ਆਇਟਮ/ਕੰਮਾਂ ਦਾ ਵੇਰਵਾ | ਮਾਤਰਾ (ਕੰਮਾਂ ਦੀ ਗਿਣਤੀ) |
|---|---|---|
| 1. | ਸਿਵਲ ਵਰਕਸ | 4 |

ਅੰਤਿਮ ਮਿਤੀ ਅਤੇ ਸਮਾਂ : 03.11.2025 ਨੂੰ 17.00 ਵਜੇ ਤੱਕ
ਖੁੱਲ੍ਹਣ ਦੀ ਮਿਤੀ ਅਤੇ ਸਮਾਂ : 04.11.2025 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗਆਨ ਕਰੋ : www.eproc.punjab.gov.in
ਟਿੱਪਣੀ : ਟੈਂਡਰ/ਆਰ ਐਫ ਪੀ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
ਸਹੀ/-ਸੁਪ੍ਰਿੰਟੈਂਡਿੰਗ ਇੰਜੀਨੀਅਰ, ਨਗਰ ਨਿਗਮ, ਪਟਿਆਲਾ।
PR-Advt. No :- 1794/12/2025-26/4510

**ਮੁਖੀ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿਭਾਗ**
**ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ**
ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿਭਾਗ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਪੰਜਾਬ ਦੇ ਰੂਪਨਗਰ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੇ 10 ਪਿੰਡਾਂ ਤੋਂ 62.30 ਏਕੜ ਜ਼ਮੀਨ ਪ੍ਰਾਪਤ ਕਰਨ ਲਈ ਸਮਰਾਲਾ ਮੇਜਰ ਦੇ ਟੇਲ RD ਤੋਂ ਔਗਮੈਂਟਿਡ ਚੈਨਲ ਲਈ ਸਮਾਜਿਕ ਪ੍ਰਭਾਵ ਮੁਲਾਂਕਣ ਅਧਿਐਨ (SIA) ਕਰ ਰਿਹਾ ਹੈ। ਜ਼ਮੀਨ ਪ੍ਰਾਪਤੀ ਅਤੇ ਪੁਨਰਵਾਸ ਅਤੇ ਪੁਨਰਵਾਸ ਐਕਟ 2013 (RFCTLARR ਐਕਟ, 2013) ਵਿਚ ਨਿਰਪੱਖ ਮੁਆਵਜ਼ਾ ਅਤੇ ਪਾਰਦਰਸ਼ਤਾ ਦੇ ਅਧਿਕਾਰ ਦੀ ਧਾਰਾ (5) ਦੇ ਉਪਬੰਧਾਂ ਦੇ ਅਨੁਸਾਰ, ਪਿੰਡਾਂ ਵਿਚ ਜਨਤਕ ਸੁਣਵਾਈਆਂ ਹੇਠਾਂ ਦਿੱਤੇ ਗਏ ਸ਼ਡਿਊਲ ਅਨੁਸਾਰ ਕੀਤੀਆਂ ਜਾਣਗੀਆਂ:
17.11.2025 ਧਰਮਸ਼ਾਲਾ, ਰਤਨਗੜ੍ਹ, ਖਮਾਣੋਂ, ਫਤਹਿਗੜ੍ਹ ਸਾਹਿਬ (ਸਵੇਰੇ 10.30 ਵਜੇ)
17.11.2025 ਗੁਰਦੁਆਰਾ ਸਾਹਿਬ, ਬੱਸੀਗੁਜਰਾਂ, ਚਮਕੌਰ ਸਾਹਿਬ, ਰੂਪਨਗਰ (ਦੁਪਹਿਰ 12.15 ਵਜੇ)
ਸੰਬੰਧਿਤ ਜ਼ਮੀਨ ਮਾਲਕ ਉਕਤ ਮਿਤੀ ਅਤੇ ਸਮੇਂ 'ਤੇ ਆਪਣੇ ਇਤਰਾਜ਼ ਅਤੇ ਵਿਚਾਰ ਪੇਸ਼ ਕਰ ਸਕਦੇ ਹਨ।
ਸੰਸਦ/-
ਸਹੀ/-ਮੁਖੀ
PR-Advt. No: 3841/12/2025-26/4487 — ਆਰਥਕਿ ਅਤੇ ਸਮਾਜਿਕ ਵਿਭਾਗ, ਪੀ. ਏ. ਯੂ., ਲੁਧਿਆਣਾ।

**ਪੰਜਾਬ ਸਰਕਾਰ**
**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ**
ਪੁੱਡਾ ਭਵਨ, ਸੈਕਟਰ 62, ਐਸ ਏ ਐਸ ਨਗਰ
ਟੈਂਡਰ ਹਵਾਲਾ ਨੰ 1418-24 ਮਿਤੀ 27.10.2025
ਡਵੀਜ਼ਨਲ ਇੰਜੀਨੀਅਰ (ਐਚ ਕਿਉ-2) ਪੁੱਡਾ, ਐਸ ਏ ਐਸ ਨਗਰ ਦੁਆਰਾ "ਪ੍ਰਾਜੈਕਟ ਗੇਟਵੇਅ ਸਿਟੀ ਸੈਕਟਰ 118-119, ਐਸ ਏ ਐਸ ਨਗਰ ਰਾਹੀਂ ਹੱਦਾਂ ਦੇ ਬੰਦ ਕਰਨ" ਦੇ ਕੰਮ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਅੰਤਿਮ ਮਿਤੀ ਅਤੇ ਸਮਾਂ: 11.11.2025 ਨੂੰ ਬਾਅਦ ਦੁਪਹਿਰ 1.00 ਵਜੇ
ਵੇਰਵਿਆਂ ਲਈ ਲਾਗਆਨ ਕਰੋ: https://eproc.punjab.gov.in
ਟਿੱਪਣੀ: ਟੈਂਡਰ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।
PR-Advt. No: 1716/12/2025-26/4497

**ਪੰਜਾਬ ਲਗੂ ਉਦਯੋਗ ਅਤੇ ਨਿਰਯਾਤ ਨਿਗਮ**
ਪੰਜਾਬ ਸਰਕਾਰ ਦਾ ਅਦਾਰਾ
**ਨਿਲਾਮੀ ਨੋਟਿਸ**
ਉਦਯੋਗਿਕ ਫੋਕਲ ਪੁਆਇੰਟ ਫਰੀਦਕੋਟ (ਸ਼ੂਗਰ ਮਿੱਲ ਵਾਲੀ ਜਗ੍ਹਾ 135 ਏਕੜ 3 ਕਨਾਲ 12 ਮਰਲੇ) ਦੇ ਏਰੀਏ ਵਿਚ ਖੜ੍ਹੇ 784 ਅਦਦ ਦਰੱਖਤਾਂ ਦੀ ਨਿਲਾਮੀ ਸ਼ੂਗਰ ਮਿੱਲ ਯਾਰਡ ਵਿਚ ਮਿਤੀ 21.11.2025 ਨੂੰ ਬਾਅਦ ਦੁਪਹਿਰ 12.00 ਵਜੇ ਕੀਤੀ ਜਾਵੇਗੀ। ਮੋਬਾਈਲ ਨੰ 70095-33395
ਸ਼ਰਤਾਂ:
1. ਹਿੱਤਬੱਧ ਬੋਲੀਦਾਤੇ ਰਕਮ ਬਿਆਨਾ ਵਜੋਂ 50,000/- ਰੁਪਏ ਦੀ ਰਕਮ ਮੌਕੇ 'ਤੇ ਜਮ੍ਹਾਂ ਕਰਵਾਉਣਗੇ। ਇਸ ਤੋਂ ਬਾਅਦ ਸਫ਼ਲ ਬੋਲੀਦਾਤੇ ਵਲੋਂ ਘੱਟੋ-ਘੱਟ 25% ਰਕਮ ਮੌਕੇ 'ਤੇ ਜਮ੍ਹਾਂ ਕਰਵਾਈ ਜਾਵੇਗੀ (ਨਾ ਜਮ੍ਹਾਂ ਕਰਵਾਉਣ 'ਤੇ ਉਸ ਦੀ ਰਕਮ ਬਿਆਨਾ ਜ਼ਬਤ ਕਰ ਲਈ ਜਾਵੇਗੀ) ਅਤੇ ਬਕਾਇਆ ਰਕਮ ਪ੍ਰਵਾਨਗੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਵੱਧ ਤੋਂ ਵੱਧ ਸੱਤ ਦਿਨਾਂ ਅੰਦਰ ਜਮ੍ਹਾਂ ਕਰਵਾਈ ਜਾਵੇਗੀ। ਠੇਕੇਦਾਰ ਪੂਰੀ ਰਕਮ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਦਰੱਖਤਾਂ ਨੂੰ ਕੱਟ ਤੇ ਹਟਾ ਸਕੇਗਾ। ਬੋਲੀਦਾਤੇ ਵਲੋਂ ਦਰੱਖਤਾਂ ਬਾਰੇ ਜਾਣਕਾਰੀ ਸਾਈਟ 'ਤੇ ਜਾਂਚੀ/ਲਈ ਜਾ ਸਕਦੀ ਹੈ।
2. ਪੀ. ਐਸ. ਆਈ. ਈ. ਸੀ. ਕੋਲ ਬਿਨਾਂ ਕੋਈ ਕਾਰਨ ਦੱਸੇ ਨਿਲਾਮੀ ਨੂੰ ਰੱਦ ਕਰਨ ਦੇ ਅਧਿਕਾਰ ਰਾਖਵੇਂ ਹਨ।
3. ਅਸਫਲ ਬੋਲੀਦਾਤਿਆਂ ਦੀ ਰਕਮ ਬਿਆਨਾ ਨਿਲਾਮੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਮੌਕੇ 'ਤੇ ਹੀ ਜਾਰੀ ਕਰ ਦਿੱਤੀ ਜਾਵੇਗੀ।
4. ਦਰੱਖਤਾਂ ਨੂੰ P.S.P.C.L ਦੀਆਂ ਬਿਜਲੀ ਤਾਰਾਂ ਆਦਿ ਸਰਕਾਰੀ ਸੰਪਤੀ ਨੂੰ ਬਿਨਾਂ ਕੋਈ ਨੁਕਸਾਨ ਪਹੁੰਚਾਏ ਹਟਾਇਆ ਜਾਣਾ ਚਾਹੀਦਾ ਹੈ ਅਤੇ ਕੋਈ ਵੀ ਨੁਕਸਾਨ ਹੋਣ 'ਤੇ ਠੇਕੇਦਾਰ ਵਲੋਂ ਭਰਿਆ ਜਾਵੇਗਾ।
5. ਦਰੱਖਤਾਂ ਨੂੰ ਉਨ੍ਹਾਂ ਦੀਆਂ ਸਾਰੀਆਂ ਜੜ੍ਹਾਂ ਸਮੇਤ ਹਟਾਇਆ ਅਤੇ ਜ਼ਮੀਨ ਨੂੰ ਪੱਧਰਾ ਕੀਤਾ ਜਾਵੇਗਾ। ਇਸ ਮਾਮਲੇ 'ਚ ਕੋਈ ਵੀ ਵਾਧੂ ਭੁਗਤਾਨ ਨਹੀਂ ਕੀਤਾ ਜਾਵੇਗਾ।
6. ਦਰੱਖਤਾਂ ਨੂੰ ਕੱਟਣ ਅਤੇ ਜ਼ਮੀਨ ਨੂੰ ਪੱਧਰਾ ਕਰਨ ਦੀ ਪ੍ਰਕਿਰਿਆ ਪ੍ਰਵਾਨਗੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਮੁਕੰਮਲ ਕੀਤੀ ਜਾਵੇਗੀ, ਨਹੀਂ ਤਾਂ ਬੋਲੀ ਦਾ 10% ਜੁਰਮਾਨਾ ਲਾਇਆ ਜਾਵੇਗਾ।
7. ਨਿਗਮ ਵਲੋਂ ਜੇਕਰ ਕੋਈ ਵੀ ਸੋਧ ਕਰਨੀ ਪਈ ਨਿਗਮ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ। https://psiec.punjab.gov.in

ਸਹੀ/-
ਪ੍ਰੋਜ. ਇੰਜੀ./ਕਾਰਜਕਾਰੀ ਇੰਜੀਨੀਅਰ (ਬਿਜਲੀ/ਬਾਗਬਾਨੀ)-2 ਚੰਡੀਗੜ੍ਹ
ਉਦਯੋਗ ਭਵਨ ਤੀਜੀ ਮੰਜ਼ਿਲ, ਸੈਕਟਰ 17-ਏ ਹਿਮਾਲਿਆ ਮਾਰਗ, ਚੰਡੀਗੜ੍ਹ 160017
ਫੋਨ ਨੰ: 0172-2772465, ਈਮੇਲ : info@Punjab.gov.in
PR-Advt. No: 1616/12/2025-26/4480